# ਪਾਠ 3 HTML- II

## 1. ਬਹੁ ਚੋਣਵੇ ਪ੍ਰਸ਼ਨ:-

1. ਫਾਰਮ ਕਿਸ ਕੰਮ ਲਈ ਵਰਤਿਆ ਜਾਂਦਾ ਹੈ ?

ੳ. ਈਮੇਲ ਦੇ ਕੰਨਟੈਟ ਡਿਸਪਲੇਅ ਕਰਨ ਲਈ

ਅ. ਐਨੀਮਿਸਨ ਇਫੈਕਟ ਨੂੰ ਡਿਸਪਲੇਅ ਕਰਨ ਲਈ

ੲ. ਯੂਜ਼ਰ ਤੋਂ ਇਨਪੁੱਟ ਲੈਣ ਲਈ

ਸ. ਉਪਰੋਕਤ ਕੋਈ ਨਹੀਂ

2. ਨਿਮਨਲਿਖਤ ਵਿੱਚੋਂ ਕਿਹੜੀ ਸਭ ਤੋਂ ਵੱਧ ਆਮ ਤੌਰ ਤੇ ਵਰਤੀ ਜਾਣ ਵਾਲੀ HTTP ਵਿਧੀ ?

ੳ. PRE ਅਤੇ POST. ਅ. GET ਅਤੇ SET. ੲ. ASK ਅਤੇ REPLY. ਸ. GET ਅਤੇ POST.

3. ਕੀ ਵੈਬਪੇਜ ਦੇ ਵਿੱਚ ਹੀ ਲਿੰਕ ਸਥਾਪਿਤ ਕੀਤਾ ਜਾ ਸਕਦਾ ਹੈ?

ੳ. ਹਾਂ ਅ, ਨਹੀਂ ੲ. ਸਰਦ ਰੈਮ ਵਿੱਚ ਸ. ਉਪਰੋਕਤ ਕੋਈ ਨਹੀ

4. ਇੱਕ html ਫਾਰਮ ਇੱਕ ਵੈਬ ਪੇਜ ਦਾ ਹਿੱਸਾ ਹੈ ਜਿਸ ਵਿੱਚ ਉਹ ਸਥਾਨ ਸ਼ਾਮਲ ਹਨ ਜਿੱਥੇ ਕਿ ੳ. ਜਾਣਕਾਰੀ ਨੂੰ ਉਪਭੋਗਤਾ ਦੁਆਰਾ ਫੀਡ ਕੀਤਾ ਜਾਂਦਾ ਹੈ।

ਅ. ਅਤੇ ਵੈਬਸਾਈਟ ਸਰਵਰ ਤੇ ਭੇਜ ਦਿੱਤੀ ਜਾਂਦੀ ਹੈ ।

ੲ. ਦੋਵੇਂ ਏ ਅਤੇ ਬੀ. ।

ਸ, ਉਪਰੋਕਤ ਕੋਈ ਨਹੀ

5.ਕਿਹੜਾ ਟੈਗ ਅਤੇ ਇੱਕ ਸਿੰਗਲ ਇਨਪੁੱਟ ਆਈਟਮ ਵਿਚ ਟੈਕਸਟ ਦੀਆਂ ਬਹੁਤੀਆਂ ਮਾਈਨਾਂ ਨੂੰ ਅਨੁਮਤੀ ਦੇਣ ਲਈ ਵਰਤਿਆ ਜਾਂਦਾ ਹੈ।

ੳ. Text area. ਅ. Check box. ੲ. Radio Button. ਸ. ਉਪਰੋਕਤ ਕੋਈ ਨਹੀਂ

## 2.ਖਾਲੀ ਥਾਵਾਂ ਭਰੋ:

1. ...<a>... ਟੈਗ ਨੂੰ ਕਿਸੇ ਵੈਬਪੇਜ ਤੇ ਇੱਕ ਲਿੰਕ ਬਣਾਉਣ ਲਈ ਵਰਤਿਆ ਜਾਂਦਾ ਹੈ।
2. ...Form...ਦਾ ਉਪਯੋਗ ਵੈਬਸਰਵਰ ਵਿੱਚ ਜਾਣਕਾਰੀ ਨੂੰ ਭਰਨ ਲਈ ਕੀਤਾ ਜਾਂਦਾ ਹੈ।
3. ਤੁਸੀਂ ਟੈਕਸਟ ਦੀਆਂ ਬਹੁਤੀਆਂ ਲਾਈਨਾਂ ...Text area...ਰਾਹੀਂ ਫਾਰਮ ਵਿੱਚ ਵਰਤ ਸਕਦੇ ਹੋ।
4. ਇਕ ਫਾਰਮ ਵਿੱਚ ਕਈ ਵਿਕਲਪ ਚੁਣਨ ਲਈ ਅਸੀਂ ...Checkbox.. ਦੀ ਵਰਤੋਂ ਕਰ ਸਕਦੇ ਹਾਂ।
5. ਫਾਰਮ ਤੋਂ ਸਾਰੇ ਵਿਕਲਪਾਂ ਨੂੰ ਸਾਫ ਕਰਨ ਲਈ ਅਸੀਂ ...Reset Button...ਬਟਨ ਦੀ ਵਰਤੋਂ ਕਰ ਸਕਦੇ ਹਾਂ।

## 3. ਸਹੀ ਅਤੇ ਗਲਤ :-

1. ਇਕ ਅਨਵਿਜਟਿਡ ਲਿਕ ਅੰਡਰ ਲਾਈਨ ਹੁੰਦਾ ਹੈ ਅਤੇ ਇਸਦਾ ਰੰਗ ਨੀਲਾ ਹੁੰਦਾ ਹੈ। ਸਹੀ
2. <input type = "password"> ਟੈਕਸਟ ਬਾਕਸ ਵਿੱਚ ਸਟਾਰ( **) ਵਿਖਾਏਗਾ। ਸਹੀ
3. ਸਿਲੈਕਸ਼ਨ ਲਿਸਟ ਡਰਾਪ ਡਾਉਨ ਲਿਸਟ ਨੂੰ ਦਰਸਾਉਣ ਲਈ ਵਰਤੀਆਂ ਜਾਂਦੀਆਂ ਹਨ। ਸਹੀ

## 4. ਪੂਰੇ ਨਾਮ ਲਿਖੋ:-

| | |
|---|---|
| 1. <A> | ANCHOR TAG |
| 2. HREF | HYPERTEXT REFERENCES |
| 3. URL | UNLFORM RESOURCE LOCATOR |
| 4. BGCOLOR | BACKGROUND COLOR |
| 5. SRC | SOURCE |

## 5. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ: -

**1. ਕਿਸੇ ਵੈੱਬਪੇਜ ਨੂੰ ਲਿੰਕ ਕਰਨ ਲਈ ਕਿਹੜਾ ਟੈਗ ਵਰਤਿਆ ਜਾਂਦਾ ਹੈ,**

ਉਤਰ :- <A>

**2. ਜਦ ਇਕ ਫਾਰਮ ਨੂੰ ਸਬਮਿਟ ਕੀਤਾ ਜਾਂਦਾ ਹੈ ਤਾਂ ਕਿਹੜਾ ਐਟਰੀਬਿਊਟ ਇਹ ਪਰਿਭਾਸ਼ਿਤ ਕਰਦਾ ਹੈ ਕਿ ਵਾਰਮ-ਡਾਟਾ ਕਿੱਥੇ ਭੇਜਣਾਂ ਹੈ ।**

ਉਤਰ :- ACTION ATTRIBUTE

**3. ਇਹ ਵਿਧੀ ਉਪਯੋਗਕਰਤਾ ਦੁਆਰਾ ਯੂਆਰਐਲ ਪਾਥ ਦੀ ਵਰਤੋਂ ਕਰਕੇ ਫੀਡ ਡੇਟਾ ਨੂੰ ਏਨਕੋਡ ਕਰਨ ਲਈ ਵਰਤੀ ਜਾਂਦੀ ਹੈ ਅਤੇ ਸਰਵਰ ਨੂੰ ਭੇਜੀ ਜਾਦੀ ਹੈ ।**

ਉਤਰ :- GET METHOD BUTTON

**4. ਦਿਤੇ ਗਏ ਵੈਬਪੰਨੇ ਤੇ ਕੁਝ ਕਾਰਵਾਈ ਕਰਨ ਲਈ ਕੀ ਵਰਤਿਆ ਜਾਂਦਾ ਹੈ।**

ਉਤਰ :- BUTTON

## 6. ਛੋਟੇ ਉਤਰਾਂ ਵਾਲੇ ਪ੍ਰਸਨ:

**ਪ੍ਰਸ਼ਨ : 1 : ਹਾਈਪਰਲਿੰਕ ਕੀ ਹੁੰਦਾ ਹੈ?**

ਉੱਤਰ : HTML ਵਿੱਚ ਲਿੰਕ ਦਾ ਮਤਲਬ ਹੈ ਕਿ ਇੱਕ ਤੋਂ ਜ਼ਿਆਦਾ ਪੇਜ਼ਾਂ ਨੂੰ ਆਪਸ ਵਿੱਚ ਜੋੜਨਾ। ਹਾਈਪਰਲਿੰਕ ਦੀ ਮੱਦਦ ਨਾਲ ਵੈਬ ਪੇਜ਼ ਵਿੱਚ ਮੌਜੂਦ ਕਿਸੇ ਵੀ ਟੈਕਸਟ ਜਾਂ ਚਿੱਤਰ ਆਦਿ ਨੂੰ ਕਿਸੇ ਹੋਰ ਪੇਜ਼ ਜਾਂ ਡਾਕੂਮੈਂਟ ਨਾਲ ਜੋੜਿਆ ਜਾ ਸਕਦਾ ਹੈ। ਇਸ ਨੂੰ ਹਾਈਪਰ ਟੈਕਸਟ ਲਿੰਕ ਵੀ ਕਿਹਾ ਜਾਂਦਾ ਹੈ ।ਇਹ ਨੀਲੇ ਰੰਗ ਵਿੱਚ ਦਿਖਾਈ ਦਿੰਦਾ ਹੈ ਅਤੇ ਇਹ ਅੰਡਰਲਾਈਨ ਹੁੰਦਾ ਹੈ।ਹਾਈਪਰਲਿੰਕ ਦੋ ਤਰਾਂ ਦਾ ਹੁੰਦਾ ਹੈ- ਇੰਟਰਨਲ ਲਿੰਕ ਅਤੇ ਐਕਸਟਰਨਲ ਲਿੰਕ।

**ਪ੍ਰਸ਼ਨ : 2 : ਐਂਕਰ <A> ਟੈਗ ਕੀ ਹੁੰਦਾ ਹੈ? ਉਦਾਹਰਣ ਦੇ ਕੇ ਸਮਝਾਓ।**

ਉੱਤਰ : HTML ਵਿਚ ਐਂਕਰ ਟੈਗ ਦੀ ਵਰਤੋਂ ਲਿੰਕ ਬਨਾਉਣ ਲਈ ਕੀਤੀ ਜਾਂਦੀ ਹੈ। HTML ਵਿਚ ਐਂਕਰ ਟੈਗ ਲਈ <A> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ ।<A> ਟੈਗ ਕੰਟੇਨਰ ਟੈਗ ਹੈ ਇਸਨੂੰ ਸੁਰੂ ਕਰਨ ਲਈ <A>ਟੈਗ ਨਾਲ ਅਤੇ ਬੰਦ ਕਰਨ ਲਈ </A> ਟੈਗ ਵਰਤੀਆਂ ਜਾਦਾ ਹੈ। ਐਂਕਰ ਟੈਗ ਵਿਚ HREF ਐਟਰੀਬਿਊਟ ਵਰਤਿਆ ਜਾਂਦਾ ਹੈ।ਇਸ ਐਟਰੀਬਿਊਟ ਦੀ ਵਰਤੋਂ ਲਿੰਕ ਕੀਤੇ ਜਾਣ ਵਾਲੀ ਫਾਈਲ ਦਾ ਐਡਰੈਸ ਦੇਣਾ ਪੈਂਦਾ ਹੈ ।

ਉਦਾਹਰਣ ਲਈ: <A HREF= “3. CHAPTER.jpg”>This is a link</a>

**ਪ੍ਰਸ਼ਨ : 3 : ਇਕ ਫਾਰਮ ਕੀ ਹੁੰਦਾ ਹੈ?**

ਉੱਤਰ : ਫਾਰਮ ਵੈਬਪੇਜ਼ ਦਾ ਹੀ ਇਕ ਹਿੱਸਾ ਹੁੰਦਾ ਹੈ।ਇਸ ਵਿਚ ਵੈਬ ਪੇਜ਼ ਦਾ ਉਹ ਖੇਤਰ ਸ਼ਾਮਿਲ ਹੁੰਦਾ ਹੈ ਜਿਸ ਵਿਚ ਯੂਜ਼ਰ ਵੈਬਪੇਜ਼ ਦੇ ਪ੍ਰਕਾਸ਼ਕਾਂ ਨੂੰ ਭੇਜੀ ਜਾਣ ਵਾਲੀ ਜਾਣਕਾਰੀ ਦਰਜ ਕਰਦਾ ਹੈ। ਫਾਰਮ ਇਕ ਕੰਟੇਨਰ ਹੁੰਦਾ ਹੈ ਜਿਸ ਵਿਚ ਹੋਰ ਫਾਰਮ ਐਲੀਮੈਂਟਸ ਹੁੰਦੇ ਹਨ। ਇਹ ਫਾਰਮ ਐਲੀਮੈਂਟਸ ਟੈਕਸਟ ਬਾਕਸ, ਰੇਡੀਓ ਬਟਨ, ਲਿਸਟ ਬਾਕਸ ਆਦਿ ਹੁੰਦੇ ਹਨ। HTML ਵਿਚ ਫਾਰਮ ਬਨਾਉਣ ਲਈ ਕੀਤੀ ਜਾਦੀ ਹੈ ।

ਉਦਾਹਰਣ ਲਈ: <Form> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰਸ਼ਨ: 4: HTML ਵਿਚ ਵਰਤੇ ਜਾਣ ਵਾਲੇ ਬਟਨਾ ਦੀ ਵਿਆਖੀਆ ਕਰੋ।**

**ਉਤਰ : ਬਟਨ ਵੈੱਬ ਪੇਜ ਵਿਚ ਕੁਝ ਕਾਰਵਾਈ ਕਰਨ ਲਈ ਵਰਤਿਆ ਜਾਂਦੇ ਹੈ। ਅਤੇ ਇਹ ਕਲਿੱਕ ਕਰਨ ਯੋਗ ਹੁੰਦੇ ਹੈ। ਕੁਝ ਮਹੱਤਵਪੂਰਨ ਬਟਨ ਇਸ ਪ੍ਰਕਾਰ ਹਨ:**

***ਸਬਮਿਟ ਬਟਨ:*** **ਲਗਪਗ ਹਰ ਫਾਰਮ ਵਿਚ ਸਬਮਿਟ ਬਟਨ ਹੁੰਦਾ ਹੈ। ਇਸ ਬਟਨ ਦੀ ਵਰਤੋਂ ਭਰੇ ਹੋਏ ਫਾਰਮ ਨੂੰ ਸਰਵਰ ਉੱਪਰ ਭੇਜਣ ਲਈ ਕੀਤੀ ਜਾਂਦੀ ਹੈ।**

**ਉਦਾਹਰਣ:** <button type="submit" value="Submit"> OK</button>

***ਰੀਸੈਟ ਬਟਨ*** : **ਇਹ ਬਟਨ ਫਾਰਮ ਵਿਚ ਭਰੀਆਂ ਹੋਈਆਂ ਐਂਟਰੀਆਂ ਨੂੰ ਸਾਫ ਕਰ ਦਿੰਦਾ ਹੈ ਤਾਂ ਕਿ ਯੂਜ਼ਰ ਦੁਬਾਰਾ ਸਹੀ ਐਂਟਰੀਆਂ ਕਰ ਸਕੇ।**

**ਉਦਾਹਰਣ:** <button type="Reset" value="Reset"> Reset</button>

**ਪ੍ਰਸ਼ਨ: 5: ਚੈੱਕ ਬਾਕਸ ਕੀ ਹੈ?**

**ਉੱਤਰ : ਚੈੱਕ ਬਾਕਸ ਦੀ ਵਰਤੋਂ ਉਸ ਸਮੇਂ ਕੀਤੀ ਜਾਂਦੀ ਹੈ,ਜਦੋਂ ਇੱਕ ਤੋਂ ਵੱਧ ਵਿਕਲਪ ਚੁਣਨ ਦੀ ਜਰੂਰਤ ਹੁੰਦੀ ਹੈ।ਚੈੱਕ ਬਾਕਸ ਇੱਕ ਵਰਗ ਦੀ ਤਰ੍ਹਾਂ ਦਿਖਾਈ ਦਿੰਦਾ ਹੈ।ਯੂਜ਼ਰ ਚੈੱਕ ਬਾਕਸ ਉੱਤੇ ਕਲਿੱਕ ਕਰਕੇ ਇਸਨੂੰ ਸਿਲੈਕਟ ਜਾਂ ਡੀਸਿਲੈਕਟ ਕਰ ਸਕਦਾ ਹੈ।ਇਸਨੂੰ HTML ਵਿੱਚ <input> ਟੈਗ ਦੀ ਵਰਤੋਂ ਕਰਕੇ ਬਣਾਇਆ ਜਾਂਦਾ ਹੈ।**

**ਇਹ ਰੇਡੀਓ ਬਟਨ ਨਾਲੋਂ ਵੱਖਰਾ ਹੁੰਦਾ ਹੈ। ਰੇਡੀਓ ਬਟਨ ਦੀ ਵਰਤੋਂ ਕਰਦੇ ਹੋਏ ਅਸੀਂ ਸਿਰਫ਼ ਇੱਕ ਹੀ ਆਪਸ਼ਨ ਚੁਣ ਸਕਦੇ ਹਾਂ, ਪਰ ਚੈੱਕ ਬਾਕਸ ਦੀ ਵਰਤੋਂ ਕਰਦੇ ਹੋਏ ਅਸੀਂ ਕਈ ਆਪਸ਼ਨਾਂ ਇਕੱਠੇ ਚੁਣ ਸਕਦੇ ਹਾਂ।**

**ਉਦਾਹਰਣ: <input type="checkbox" name="payment" value="cash">cash**

## 7. ਵਡੇ ਉਤਰਾਂ ਵਾਲੇ ਪ੍ਰਸਨ:

**ਪ੍ਰਸ਼ਨ: 1: ਉਦਾਹਰਣ ਦੇ ਨਾਲ ਵੱਖ ਵੱਖ ਕਿਸਮਾਂ ਦੇ HTML ਬਟਨਾ ਬਾਰੇ ਚਰਚਾ ਕਰੋ।**

**ਉਤਰ : ਬਟਨ ਵੈੱਬ ਪੇਜ ਵਿਚ ਕੁਝ ਕਾਰਵਾਈ ਕਰਨ ਲਈ ਵਰਤਿਆ ਜਾਂਦੇ ਹੈ। ਅਤੇ ਇਹ ਕਲਿੱਕ ਕਰਨ ਯੋਗ ਹੁੰਦੇ ਹੈ। ਕੁਝ ਮਹੱਤਵਪੂਰਨ ਬਟਨ ਇਸ ਪ੍ਰਕਾਰ ਹਨ:**

***ਸਬਮਿਟ ਬਟਨ:*** **ਲਗਪਗ ਹਰ ਫਾਰਮ ਵਿਚ ਸਬਮਿਟ ਬਟਨ ਹੁੰਦਾ ਹੈ। ਇਸ ਬਟਨ ਦੀ ਵਰਤੋਂ ਭਰੇ ਹੋਏ ਫਾਰਮ ਨੂੰ ਸਰਵਰ ਉੱਪਰ ਭੇਜਣ ਲਈ ਕੀਤੀ ਜਾਂਦੀ ਹੈ।**

**ਉਦਾਹਰਣ:** <button type="submit" value="Submit"> OK</button>

***ਰੀਸੈਟ ਬਟਨ*** : **ਇਹ ਬਟਨ ਫਾਰਮ ਵਿਚ ਭਰੀਆਂ ਹੋਈਆਂ ਐਂਟਰੀਆਂ ਨੂੰ ਸਾਫ ਕਰ ਦਿੰਦਾ ਹੈ ਤਾਂ ਕਿ ਯੂਜ਼ਰ ਦੁਬਾਰਾ ਸਹੀ ਐਂਟਰੀਆਂ ਕਰ ਸਕੇ।**

**ਉਦਾਹਰਣ:** <button type="Reset" value="Reset"> Reset</button>

ਪ੍ਰਸ਼ਨ :2: ਫਾਰਮ ਵਿਚ ਸਿਲੈਕਸ਼ਨ ਸੂਚੀ ਕੀ ਹੁੰਦੀ ਹੈ?

**ਉੱਤਰ:- ਸਿਲੈਕਸ਼ਨ ਸੂਚੀ ਬਹੁਤ ਸਾਰੇ ਵਿਕਲਪਾਂ ਵਿਚੋਂ ਇਕ ਜਾਂ ਜ਼ਿਆਦਾ ਵਿਕਲਪ ਚੁਣਨ ਦੀ ਸੁਵਿਧਾ ਪ੍ਰਦਾਨ ਕਰਦੀ ਹੈ। ਸਿਲੈਕਸ਼ਨ ਸੂਚੀ ਵਿਚ ਸਾਨੂੰ ਆਪਸ਼ਨ ਟਾਈਪ ਕਰਨ ਦੀ ਥਾਂ ਆਪਸ਼ਨ ਸਿਲੈਕਟ ਹੀ ਕਰਨੇ ਹੁੰਦੇ ਹਨ।ਜਿਵੇਂ ਕਿ:-**

```
<select>
<option>  Windows  </option>
<option>  Linux  </option>
<option> Mac </option>
</select>
```

ਇਸ ਵਿਚ ਕਈ ਪ੍ਰਕਾਰ ਦੇ ਐਟਰੀਬਿਊਟ [Attributes] ਵੀ ਵਰਤੇਂ ਜਾਂਦੇ ਹਨ। ਜਿਵੇਂ ਕਿ:-

Size:- Size ਐਟਰੀਬਿਊਟ ਦੱਸਦਾ ਹੈ ਕਿ ਇਕ ਵਾਰ ਵਿੱਚ ਕਿੰਨੇ ਵਿਕਲਪ ਦਿਖਾਏ ਜਾ ਸਕਦੇ ਹਨ।

ਉਦਾਹਰਨ:- <Select  name=”Weekday” size=4>

Name:- Name ਐਟਰੀਬਿਊਟ ਡਰਾਪ ਡਾਊਨ ਮੀਨੂੰ ਵਿਚੋ Name ਨੂੰ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।

ਉਦਾਹਰਨ: -<Select  name=”Weekday” size=4 multiple>

Multiple: - Multiple ਐਟਰੀਬਿਊਟ ਸਿਲੈਕਸ਼ਨ ਸੁਚੀ ਵਿਚੋਂ ਇਕ ਤੋਂ ਵੱਧ ਵਿਕਲਪ ਚੁਣਨ ਲਈ ਵਰਤੇਂ ਜਾਂਦੇ ਹਨ।

ਉਦਾਹਰਨ: -<option Value=”Sunday”>Sunday

**ਪ੍ਰਸਨ :3 ;  ਟੈਕਸਟ ਏਰੀਆ ਦੀ ਉਦਾਹਰਣ ਸਹਿਤ ਵਿਆਖਿਆ ਕਰੋ?**

**ਉੱਤਰ:** ਇਹ ਇੱਕ ਕੰਟੇਨਰ ਟੈਗ ਹੈ।ਇਸ ਦੀ ਵਰਤੋਂ ਕਰਕੇ ਯੂਜਰ ਵੱਲੋਂ ਟੈਕਟਸ ਦੀਆਂ ਬਹੁਤੀਆਂ ਲਾਇਨਾਂ ਇਨਪੁੱਟ ਕੀਤੀਆਂ ਜਾ ਸਕਦੀਆਂ ਹਨ ਟੈਕਸਟ ਏਰੀਆ ਦੀ ਵਰਤੋ ਲਈ **<form>**   ਟੈਗ ਵਿੱਚ <textarea> ਟੈਗ ਦੀ ਵਰਤੋਂ ਕੀਤੀ ਜਾਂਦੀ ਹੈ।ਇਸ ਦੇ ਐਟਰੀਬਿਊਟ  **ROWS** ਅਤੇ  **COLS** ਹਨ। **Rows** ਐਟਰੀਬਿਊਟ ਟੈਕਸਟ ਏਰੀਆ ਵਿੱਚ ਟੈਕਸਟ ਦੀਆਂ ਲਾਇਨਾਂ ਨੂੰ ਪ੍ਰੀਭਾਸ਼ਿਤ ਕਰਦਾ ਹੈ ਅਤੇ Cols  ਐਟਰੀਬਿਊਟ ਟੈਕਸਟ ਏਰੀਆ ਟੈਕਸਟ ਦੇ ਕਾਲਮਾਂ ਨੂੰ ਪ੍ਰੀਭਾਸ਼ਿਤ ਕਰਦਾ ਹੈ।ਇਸ ਦੁਆਰਾ ਯੂਜਰ ਕੋਈ ਡਿਫਾਲਟ ਟੈਕਸਟ ਨੂੰ  ਪ੍ਰੀਭਾਸ਼ਿਤ ਕਰ ਸਕਦਾ ਹੈ।ਉਦਾਹਰਣ

```
<textarea name=”text1” COLS=”40” ROWS=”10”>
SEND  SOME INFO </textarea>
```

**ਪ੍ਰਸ਼ਨ:4: ਫਾਰਮ ਵਿੱਚ  ਕਾਰਵਾਈ (Action) ਅਤੇ ਵਿਧੀ (method) ਦਾ ਕੀ ਉਦੇਸ ਹੰਦਾ ਹੈ?**

ਉਤਰ :ਫਾਰਮ HTML ਪੇਜ ਦਾ ਇੱਕ ਹਿੱਸਾ ਹੈ।ਇਹ ਇੱਕ ਕੰਟੇਨਰ ਟੈਗ ਹੈ।ਜਿਸ ਵਿਚ ਫਾਰਮ ਐਲੀਮੈਂਟਸ ਜਿਵੇਂ ਟੈਕਸਟ ਬਾਕਸ ਰੇਡੀਓ ਬਾਕਸ ਅਤੇ ਲਿਸਟ ਆਦਿ ਹੰੁਦੇ ਹਨ।ਇਕ ਫਾਰਮ ਵਿੱਚ ਜਾਣਕਾਰੀ ਫੀਡ ਕਰਨ ਲਈ ਹਰ ਫਾਰਮ ਵਿੱਚ Action ਤੇ method ਐਟਰੀ ਬਿਊਟ ਨੂੰ ਸ਼ਾਮਿਲ ਕਰਨਾ ਪੈਂਦਾ ਹੈ॥

Action:-  ਇਸ  ਐਟਰੀ ਬਿਊਟ ਦੀ ਵਰਤੋਂ ਇਕ ਵਾਰ ਸਬਮਿਟ ਬਟਨ ਪ੍ਰੈਸ ਕਰਨ ਤੋਂ ਬਾਅਦ ਕੀਤੀ ਬ੍ਰਾਊਜਰ ਨੂੰ ਇਹ ਸੂਚਿਤ ਕਰਨ ਲਈ ਕੀਤੀ ਜਾਂਦੀ ਹੈ ਕਿ ਕਿਹੜਾ ਪੇਜ ਕਾਲ ਕਰਨਾ ਹੈ ।

<FORM ACTION= “welcome.ppp”>

Method :- ਇਹ ਐਟਰੀਬਿਊਟ ਉਸ ਤਰੀਕੇ ਨੂੰ ਪ੍ਰਭਾਸਿਤ ਕਰਦਾ ਹੈ ਜਿਸ ਰਾਹੀਂ ਯੂਜਰ ਦੀ ਸੂਚਨਾ ਵੈਬਸਾਈਟ ਸਰਵਰ ਤੇ ਭੇਜੀ ਜਾਂਦੀ ਹੈ ਅਤੇ ਸਟੋਰ ਕੀਤੀ ਜਾਂਦੀ ਹੈ।

Get method ਅਤੇ Post method ਦੋ ਤਰੀਕੇ ਹਨ ਜਿੰਨਾਂ ਰਾਹੀ ਜਾਣਕਾਰੀ ਭੇਜੀ ਜਾ ਸਕਦੀ ਹੈ।

<FORM method = “get action”=“welcome.ppp”>
<FORM method = “post  action”=“welcome.ppp”>